# Punjabi 12

June 2000 Provincial Examination

## ANSWER KEY / SCORING GUIDE

**Topics:**
1. Interpersonal Communications – Language Elements
2. Creative Written Works
3. Informational Communication
4. Interpersonal Communications – Written Expression

**Multiple Choice**

| Q | K | C | T | Q | K | C | T |
|---|---|---|---|---|---|---|---|
| 1. | B | K | 1 | 16. | D | U | 2 |
| 2. | C | K | 1 | 17. | B | U | 2 |
| 3. | B | K | 1 | 18. | B | U | 2 |
| 4. | D | K | 1 | 19. | C | U | 2 |
| 5. | C | K | 1 | 20. | B | U | 2 |
| 6. | A | K | 1 | 21. | A | K | 3 |
| 7. | C | K | 1 | 22. | C | U | 3 |
| 8. | D | K | 1 | 23. | C | U | 3 |
| 9. | B | K | 1 | 24. | C | U | 3 |
| 10. | D | K | 1 | 25. | D | U | 3 |
| 11. | B | U | 2 | 26. | A | U | 3 |
| 12. | D | U | 2 | 27. | D | U | 3 |
| 13. | B | U | 2 | 28. | D | U | 3 |
| 14. | B | U | 2 | 29. | D | U | 3 |
| 15. | B | U | 2 | 30. | D | U | 3 |

**Multiple Choice = 30 marks**

**Written Response**

| Q | B | C | T | S |
|---|---|---|---|---|
| 1. | 1 | U | 1 | 10 |
| 2. | 2 | U | 2 | 5 |
| 3. | 3 | U | 2 | 1 |
| 4. | 4 | U | 2 | 1 |
| 5. | 5 | U | 2 | 2 |
| 6. | 6 | U | 2 | 1 |
| 7. | 7 | U | 3 | 1 |
| 8. | 8 | U | 3 | 1 |
| 9. | 9 | U | 3 | 3 |
| 10. | 10 | U | 3 | 1 |
| 11. | 11 | U | 3 | 2 |
| 12. | 12 | U | 3 | 1 |
| 13. | 13 | U | 3 | 1 |
| 14. | 14 | H | 4 | 10 |
| 15. | 15 | H | 4 | 10 |
| 16. | 16 | H | 4 | 10 |

**Written Response = 60 marks**

Multiple Choice = 30
Written Response = 60
**EXAMINATION TOTAL = 90 marks**

| **LEGEND:** | | |
|---|---|---|
| **Q** = Question Number | **K** = Keyed Response | **C** = Cognitive Level |
| **B** = Score Box Number | **S** = Score | **T** = Topic |

## SECTION 2: LANGUAGE ELEMENTS B

**Value: 10 marks** **Suggested Time: 10 minutes**

| | |
|---|---|
| **INSTRUCTIONS:** | Read the following passage carefully. Fill in each of the blanks with an appropriate word or phrase in **Punjabi** that is consistent with the context of the passage. In order to provide you with freedom of expression, most blanks have at least two correct responses. |

### ਹੱਸਣਾ

ਅੱਜ ਦੀ ਰੁਝੇਵਿਆਂ (busy) ਭਰੀ ਜ਼ਿੰਦਗੀ ਵਿੱਚ ਸਾਨੂੰ ਇਕੱਠੇ ਬੈਠ ਕੇ ਖੁੱਲ੍ਹ ਕੇ, ਖਿੜਖਿੜਾ ਕੇ ਹੱਸਣ ਦਾ ਸਮਾਂ ਬਹੁਤ ਹੀ ਘੱਟ ਮਿਲਦਾ ਹੈ। ਹੱਸਣਾ ਖੁਸ਼ੀ ਦੀ ਨਿਸ਼ਾਨੀ ਹੈ। ਹੱਸਣ ਨਾਲ ਫੇਫੜਿਆਂ (lungs) ਦੀ ਕਸਰਤ (exercise) ਹੁੰਦੀ ਹੈ। ਹੱਸਣ ਨਾਲ ਸਰੀਰ, ਮਨ ਅਤੇ ਆਤਮਾ ________ (1a) ਰਹਿੰਦੇ ਹਨ। ਇੱਕ ਨੂੰ ਹੱਸਦਾ ਦੇਖ ਕੇ ਦੂਸਰੇ ਦਾ ਹਾਸਾ ਆਪਣੇ ਆਪ ਹੀ ਨਿਕਲ ਜਾਂਦਾ ਹੈ। ________ (1b) ਬੱਚੇ ਨੂੰ ਉੱਚੀ ਹੱਸਦਾ ਦੇਖ ਕੇ ਮਾਂ ਦਾ ਮਨ ਆਪੇ ਹੀ ਖੁਸ਼ ਹੋ ਜਾਂਦਾ ਹੈ। ਹੱਸਦੇ ਖੇਡਦੇ ਮਨੁੱਖ ਨਾਲ ਹਰ ਕੋਈ ਦੋਸਤੀ ________ (1c) ਚਾਹੁੰਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਹੱਸਣ ਨਾਲ ________ (1d) ਦੀ ਉਮਰ ਵੱਧਦੀ ਹੈ। ਹੱਸਣ ਦਾ ਕੋਈ ਮੁੱਲ ਨਹੀਂ ________ (1e)। ਅਮੀਰ-ਗਰੀਬ, ਛੋਟੇ-ਵੱਡੇ ਸਾਰਿਆਂ ਨੂੰ ਹੀ ਹੱਸਣ ਦਾ ਪੂਰਾ ਪੂਰਾ ________ (1f) ਹੈ। ਹੱਸਣਾ ਹਸਾਉਣਾ ਸਿੱਖਣ ________ (1g) ਕਿਸੇ ਸਕੂਲ ਨਹੀਂ ਜਾਣਾ ਪੈਂਦਾ। ਇਹ ਕਲਾ ਆਪ ਖੁਸ਼ ਰਹਿਣ ਅਤੇ ਦੂਸਰਿਆਂ ਨੂੰ ਖੁਸ਼ ________ (1h) ਨਾਲ ਆਪੇ ਹੀ ਆ ਜਾਂਦੀ ਹੈ। ਹੱਸਦਾ ਮਨੁੱਖ ਕਿਸੇ ਦਾ ਦਿਲ ਦੁਖਾਉਣ ਤੋਂ ________ (1i) ਰਹਿੰਦਾ ਹੈ।

ਸੋ ਆਓ, ਅਸੀਂ ਸਾਰੇ ਇੱਕੀਵੀਂ ਸਦੀ ਵੱਲ ਵੱਧਦਿਆਂ ਇਹ ________ (1j) ਕਰੀਏ ਕਿ ਅਸੀਂ ਸਾਰੇ ਹੱਸਣ ਹਸਾਉਣ ਲਈ ਸਮਾਂ ਕਢਾਂਗੇ। ਆਪ ਵੀ ਖੁਸ਼ ਰਹਾਂਗੇ ਅਤੇ ਆਪਣੇ ਆਲੇ ਦੁਆਲੇ ਵੀ ਖੁਸ਼ੀਆਂ ਵੰਡਾਂਗੇ।

**Possible responses:**

a) ਖੁਸ਼
ਸ਼ਾਂਤ
ਠੀਕ
ਤਕੜੇ
ਵਧੀਆ
ਤੰਦਰੁਸਤ
ਸਿਹਤਮੰਦ

b) ਛੋਟੇ
ਇੱਕ
ਨਿੱਕੇ
ਆਪਣੇ

c) ਕਰਨਾ
ਪਾਉਣਾ
ਵਧਾਉਣਾ

d) ਬੰਦੇ
ਲੋਕਾਂ
ਹਰੇਕ
ਪੁਰਸ਼
ਮਨੁੱਖ
ਆਦਮੀ
ਸਾਰਿਆਂ
ਇਨਸਾਨ

e) ਹੈ
ਹੁੰਦਾ
ਲਗਦਾ

f) ਹੱਕ
ਅਧਿਕਾਰ

g) ਲਈ
ਵਾਸਤੇ

h) ਕਰਨ
ਰੱਖਣ
ਵੇਖਣ
ਦੇਖਣ

i) ਦੂਰ
ਪਰ੍ਹੇ
ਡਰਦਾ
ਝਿਜਕਦਾ
ਹਿਚਕਚਾਉਂਦਾ

j) ਕੰਮ
ਸੋਚ
ਪ੍ਰਣ
ਯਤਨ
ਕੋਸ਼ਿਸ਼
ਬੇਨਤੀ
ਧਿਆਨ
ਖਿਆਲ
ਵਾਇਦਾ
ਇਕਰਾਰ

**NOTE:** $\frac{1}{2}$ **mark will be awarded for communication.**

$\frac{1}{2}$ **mark will be awarded for accuracy: spelling, accents and grammatical correctness.**

**PART B: CREATIVE WRITTEN WORKS**

**SECTION 3: FICTION (PROSE)**

**INSTRUCTIONS:** Answer question 2 in **Punjabi**. Your answers must be based on the passage on page 4. Complete sentences are not required.

## ਈਮਾਨਦਾਰੀ

ਈਮਾਨਦਾਰੀ (honesty) ਸਭ ਤੋਂ ਚੰਗੀ ਨੀਤੀ (policy) ਹੈ। ਈਮਾਨਦਾਰੀ ਦਾ ਫਲ ਹਮੇਸ਼ਾਂ ਮਿੱਠਾ ਹੁੰਦਾ ਹੈ। ਈਮਾਨਦਾਰੀ ਮਨੁੱਖ ਨੂੰ ਹੀਰੇ (diamond) ਵਰਗਾ ਬਣਾ ਦਿੰਦੀ ਹੈ। ਛੋਟੇ ਹੁੰਦੇ ਮੇਰੇ ਦਾਦੀ ਜੀ ਇੱਕ ਲੱਕੜਹਾਰੇ (wood-cutter) ਦੀ ਕਹਾਣੀ ਸੁਣਾਇਆ ਕਰਦੇ ਸੀ। ਉਹ ਬਹੁਤ ਈਮਾਨਦਾਰ ਅਤੇ ਸੱਚਾ ਆਦਮੀ ਸੀ। ਰੋਜ਼ ਜੰਗਲ ਵਿੱਚ ਜਾ ਕੇ ਲੱਕੜਾਂ ਕੱਟਦਾ ਅਤੇ ਫਿਰ ਉਨ੍ਹਾਂ ਨੂੰ ਵੇਚ ਕੇ ਘਰ ਦਾ ਗੁਜ਼ਾਰਾ ਚਲਾਉਂਦਾ ਸੀ।

ਇੱਕ ਦਿਨ ਉਹ ਨਦੀ ਕਿਨਾਰੇ ਲੱਕੜਾਂ ਕੱਟ ਰਿਹਾ ਸੀ ਕਿ ਉਸਦੇ ਕੁਹਾੜੇ (axe) ਦਾ ਦਸਤਾ (handle) ਟੁੱਟ ਗਿਆ। ਕੁਹਾੜਾ ਨਦੀ ਵਿੱਚ ਡਿੱਗ ਪਿਆ। ਉਹ ਬਹੁਤ ਉਦਾਸ ਹੋ ਗਿਆ। ਇਹ ਕੁਹਾੜਾ ਹੀ ਤਾਂ ਉਸਦਾ ਸਹਾਰਾ ਸੀ। ਉਹ ਉੱਚੀ ਉੱਚੀ ਰੋਣ ਲੱਗ ਪਿਆ।

ਲੱਕੜਹਾਰੇ ਦੇ ਰੋਣ ਦੀ ਆਵਾਜ਼ ਸੁਣ ਕੇ ਪਾਣੀ ਦਾ ਦੇਵਤਾ (god) ਪਾਣੀ ਵਿਚੋਂ ਬਾਹਰ ਨਿਕਲਿਆ। ਉਸਨੇ ਲੱਕੜਹਾਰੇ ਨੂੰ ਰੋਣ ਦਾ ਕਾਰਣ ਪੁਛਿਆ। ਲੱਕੜਹਾਰੇ ਨੇ ਦੇਵਤੇ ਨੂੰ ਦੱਸਿਆ ਕਿ ਇਸ ਤਰ੍ਹਾਂ ਮੇਰਾ ਕੁਹਾੜਾ, ਮੇਰੀ ਰੋਟੀ ਦਾ ਸਾਧਨ (source), ਪਾਣੀ ਵਿੱਚ ਡਿੱਗ ਪਿਆ ਹੈ। ਦੇਵਤੇ ਨੂੰ ਉਸ ਤੇ ਤਰਸ ਆ ਗਿਆ। ਉਸਨੇ ਪਾਣੀ ਵਿੱਚ ਚੁੱਭੀ ਮਾਰੀ। ਕੁਝ ਦੇਰ ਬਾਅਦ ਜਦੋਂ ਦੇਵਤਾ ਬਾਹਰ ਨਿਕਲਿਆ ਤਾਂ ਉਸਦੇ ਹੱਥ ਵਿੱਚ ਸੋਨੇ ਦਾ ਕੁਹਾੜਾ ਸੀ। ਉਸਨੇ ਲੱਕੜਹਾਰੇ ਨੂੰ ਕਿਹਾ, "ਇਹ ਲਓ, ਰੋਵੋ ਨਾ, ਮੈਂ ਤੁਹਾਡਾ ਕੁਹਾੜਾ ਕੱਢ ਲਿਆਇਆਂ ਹਾਂ।" ਲੱਕੜਹਾਰਾ ਇਹ ਸੁਣ ਕੇ ਖੁਸ਼ ਹੋ ਗਿਆ। ਪਰ ਉਸਨੇ ਜਦੋਂ ਅੱਖਾਂ ਸਾਫ ਕੀਤੀਆਂ ਤਾਂ ਦੇਖਿਆ ਕਿ ਇਹ ਕੁਹਾੜਾ ਤਾਂ ਸੋਨੇ ਦਾ ਸੀ। ਉਸਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਨਹੀਂ ਇਹ ਕੁਹਾੜਾ ਉਸਦਾ ਨਹੀਂ ਹੈ।

ਦੇਵਤੇ ਨੇ ਫਿਰ ਪਾਣੀ ਵਿੱਚ ਚੁੱਭੀ ਮਾਰੀ ਅਤੇ ਇੱਕ ਚਾਂਦੀ ਦਾ ਕੁਹਾੜਾ ਕੱਢ ਲਿਆਂਦਾ। ਲੱਕੜਹਾਰੇ ਨੇ ਫਿਰ ਨਾਂਹ ਕਰ ਦਿੱਤੀ। ਦੇਵਤੇ ਨੇ ਫਿਰ ਪਾਣੀ ਵਿੱਚੋਂ ਲੱਕੜਹਾਰੇ ਦਾ ਲੋਹੇ ਦਾ ਕੁਹਾੜਾ ਕੱਢ ਲਿਆਂਦਾ। ਲੱਕੜਹਾਰਾ ਆਪਣਾ ਕੁਹਾੜਾ ਦੇਖ ਕੇ ਖੁਸ਼ ਹੋ ਗਿਆ ਤੇ ਕਹਿਣ ਲੱਗਾ, "ਹਾਂ ਜੀ, ਇਹੀ ਕੁਹਾੜਾ ਮੇਰਾ ਹੈ!" ਦੇਵਤਾ ਲੱਕੜਹਾਰੇ ਦੀ ਈਮਾਨਦਾਰੀ ਦੇਖ ਕੇ ਖੁਸ਼ ਹੋ ਗਿਆ ਅਤੇ ਉਸਨੇ ਤਿੰਨੋਂ ਹੀ ਕੁਹਾੜੇ ਉਸਨੂੰ ਦੇ ਦਿੱਤੇ।

2. a) ਲੱਕੜਹਾਰਾ ਆਪਣੇ ਘਰ ਦਾ ਗੁਜ਼ਾਰਾ ਕਿਵੇਂ ਕਰਦਾ ਸੀ ? **(1 mark)**

**Response:**

- **ਲੱਕੜਹਾਰਾ ਜੰਗਲ ਵਿਚੋਂ ਲੱਕੜਾਂ ਕੱਟ ਕੇ ਫਿਰ ਉਨ੍ਹਾਂ ਨੂੰ ਵੇਚ ਕੇ ਰੋਟੀ ਕਮਾਉਂਦਾ ਸੀ।**

b) ਲੱਕੜਹਾਰਾ ਉਸ ਦਿਨ ਲੱਕੜਾਂ ਕਿਥੋਂ ਕੱਟ ਰਿਹਾ ਸੀ ? **(1 mark)**

**Response:**

- **ਲੱਕੜਹਾਰਾ ਲਕੜਾਂ ਨਦੀ ਦੇ ਕਿਨਾਰੇ ਲੱਗੇ ਰੁੱਖਾਂ ਤੋਂ ਕੱਟ ਰਿਹਾ ਸੀ।**

c) ਦੇਵਤੇ ਨੇ ਪਹਿਲਾਂ ਸੋਨੇ ਅਤੇ ਚਾਂਦੀ ਦਾ ਕੁਹਾੜਾ ਕਿਉਂ ਲਿਆਂਦਾ ? **(1 mark)**

**Response:**

- **ਦੇਵਤੇ ਨੇ ਪਹਿਲਾਂ ਸੋਨੇ ਅਤੇ ਫਿਰ ਚਾਂਦੀ ਦਾ ਕੁਹਾੜਾ ਲੱਕੜਹਾਰੇ ਦੀ ਈਮਾਨਦਾਰੀ ਪਰਖਣ ਲਈ ਲਿਆਂਦਾ।**

d) ਲੱਕੜਹਾਰੇ ਨੇ ਪਹਿਲਾਂ ਸੋਨੇ ਅਤੇ ਚਾਂਦੀ ਦਾ ਕੁਹਾੜਾ ਲੈਣ ਤੋਂ ਨਾਂਹ ਕਿਉਂ ਕੀਤੀ ? **(1 mark)**

**Response:**

- **ਕਿਉਂਕਿ ਉਹ ਕੁਹਾੜੇ ਉਸਦੇ ਨਹੀਂ ਸਨ।**
- **ਉਹ ਈਮਾਨਦਾਰ ਸੀ।**

e) ਦੇਵਤੇ ਨੇ ਲੱਕੜਹਾਰੇ ਨੂੰ ਤਿੰਨੋਂ ਹੀ ਕੁਹਾੜੇ ਕਿਉਂ ਦੇ ਦਿੱਤੇ ? **(1 mark)**

**Response:**

- **ਉਸਦੀ ਈਮਾਨਦਾਰੀ ਤੋਂ ਖੁਸ਼ ਹੋ ਕੇ ਤਿੰਨੇ ਕੁਹਾੜੇ ਦੇ ਦਿੱਤੇ।**
- **ਉਸਦੀ ਸਚਾਈ ਦੇ ਇਨਾਮ ਵਜੋਂ ਤਿੰਨੇ ਕੁਹਾੜੇ ਦੇ ਦਿੱਤੇ।**

## SECTION 4: FICTION (DRAMA)

| | |
|---|---|
| **INSTRUCTIONS:** | Answer questions 3 to 6 in **Punjabi**. Your answers must be based on the drama on page 8. Complete sentences are not required. |

**(ਪੰਮੀ ਆਪਣੇ ਕਮਰੇ ਵਿੱਚ ਦੋ ਤਿੰਨ ਕਿਤਾਬਾਂ ਖੋਲ੍ਹੀ ਬੈਠਾ ਹੈ । ਉਸਦੇ ਆਸੇ ਪਾਸੇ ਹੋਰ ਕਿਤਾਬਾਂ ਵੀ ਖਿਲਰੀਆਂ ਪਈਆਂ ਹਨ ।)**

ਸ਼ਾਨ : ਤੁਸੀਂ ਕੀ ਕਰ ਰਹੇ ਹੋ ?

ਪੰਮੀ : ਕੁਝ ਨਾ ਪੁਛੋ ਵੀਰ ਜੀ , ਇਸ ਵਾਰ ਮੈਂ ਚਾਰ ਕੋਰਸ ਲਏ ਹੋਏ ਹਨ । ਇਸ ਹਿਸਟਰੀ ਦੇ ਕੋਰਸ ਨੇ ਤਾਂ ਮੇਰੀ ਬੱਸ ਹੀ ਕਰਵਾਈ ਪਈ ਹੈ ।

ਸ਼ਾਨ : ਹਾਂ, ਮੈਨੂੰ ਯਾਦ ਹੈ ਜਦੋਂ ਮੈਂ ਇਹ ਕੋਰਸ ਕੀਤਾ ਸੀ । ਬਹੁਤ ਕੰਮ ਸੀ ਇਸ ਕੋਰਸ ਦਾ । ਹੋਰ ਕਿਹੜੇ ਕੋਰਸ ਲਏ ਹੋਏ ਹਨ ਤੁਸੀਂ ?

ਪੰਮੀ : ਇਸ ਤੋਂ ਇਲਾਵਾ ਸਾਈਕਾਲੋਜੀ, ਹਿਸਾਬ ਅਤੇ ਕਰੀਮੀਨਾਲੋਜੀ ਦਾ ਇੱਕ ਇੱਕ ਕੋਰਸ ਹੈ ।

ਸ਼ਾਨ : ਅੱਛਾ !

ਪੰਮੀ : ਤੁਸੀਂ ਕੀ ਕਰ ਰਹੇ ਹੋ ਅੱਜ ਕੱਲ ?

ਸ਼ਾਨ : ਵਧੀਆ ਸੁਆਲ ਹੈ । ਮੈਂ ਪੂਰਾ ਸਮਾਂ ਸਕੂਲ ਪੜ੍ਹਾਉਣ ਜਾਂਦਾ ਹਾਂ । ਫਿਰ ਬਿੱਟੂ ਨੂੰ ਉਸਦੀ ਹਾਕੀ ਅਤੇ ਬਾਸਕਟਬਾਲ ਦੀ ਪ੍ਰੈਕਟਿਸ ਲਈ ਲੈ ਕੇ ਜਾਣਾ ਹੁੰਦਾ ਹੈ । ਇਸ ਤੋਂ ਇਲਾਵਾ ਮੈਂ ਸ਼ਾਮ ਨੂੰ ਇੱਕ ਕੋਰਸ ਵੀ ਲਿਆ ਹੋਇਆ ਹੈ ।

ਪੰਮੀ : ਹੂੰ. . . (ਸਿਰ ਹਿਲਾਉਂਦਾ ਹੈ ।) ਤੁਸੀਂ ਉੱਧਰ ਗੁੱਡੀ ਭੈਣ ਜੀ ਵੱਲ ਜਾ ਆਏ ਸੀ ? ਮੰਮੀ ਕਹਿੰਦੇ ਸੀ ਕਿ ਆਪਣੇ ਭਰਾ ਨੂੰ ਯਾਦ ਕਰਵਾ ਦੇਵੀਂ ਉੱਧਰ ਜਾਣ ਲਈ ।

ਸ਼ਾਨ : (ਹੈਰਾਨ ਹੁੰਦਾ ਹੋਇਆ) ਗੁੱਡੀ ਵੱਲ ਜਾਣ ਲਈ ਕਹਿੰਦੇ ਸੀ ਮੰਮੀ ! ਕਿਉਂ ?

ਪੰਮੀ : ਤੁਹਾਨੂੰ ਨਹੀਂ ਪਤਾ ? ਉਨ੍ਹਾਂ ਦੀ ਸੱਸ (mother-in-law) ਬੀਮਾਰ ਹੈ । ਪੀਲੀਆ (jaundice) ਹੋਇਆ ਹੈ ।

ਸ਼ਾਨ : ਉਹ ਸੱਚੀਂ ! ਅੱਜ ਸ਼ਾਮੀਂ ਤਾਂ ਨਹੀਂ ਪਰ ਕੱਲ ਸਵੇਰੇ ਮੈਂ ਜ਼ਰੂਰ ਉਧਰੋਂ ਹੋ ਆਵਾਂਗਾ ।

ਪੰਮੀ : ਚੰਗੀ ਗੱਲ ਹੈ ।

ਸ਼ਾਨ: ਚੰਗਾ ਤੂੰ ਤਾਂ ਆਪਣੀ ਪੜ੍ਹਾਈ ਕਰ ਤੇ ਮੈਂ ਚਲਦਾ ਹਾਂ । ਬਿੱਟੂ ਦੇ ਹਾਈ ਸਕੂਲ ਜਾਣਾ ਹੈ । ਉਨ੍ਹਾਂ ਦੀ ਅੱਜ ਪੇਰੈਂਟ ਟੀਚਰ ਮੀਟਿੰਗ ਹੈ ਸੋ ਮੈਂ ਤੇ ਉਹਦੀ ਮੰਮੀ ਅੱਜ ਸ਼ਾਮੀਂ ਉੱਥੇ ਜਾ ਰਹੇ ਹਾਂ ।

ਪੰਮੀ : ਚੰਗਾ ਵੀਰ ਜੀ ।

**(ਸ਼ਾਨ ਕਮਰੇ 'ਚੋਂ ਬਾਹਰ ਚਲਾ ਜਾਂਦਾ ਹੈ ।)**

3. ਬਿੱਟੂ ਕਿਹੜੀਆਂ ਕਿਹੜੀਆਂ ਖੇਡਾਂ ਵਿੱਚ ਹਿੱਸਾ ਲੈਂਦਾ ਹੈ? **(1 mark)**

**Response:**

- **ਬਿੱਟੂ ਬਾਸਕਟਬਾਲ ਅਤੇ ਹਾਕੀ ਦੀਆਂ ਖੇਡਾਂ ਵਿੱਚ ਹਿੱਸਾ ਲੈਂਦਾ ਹੈ ।**

4. ਸ਼ਾਨ ਨੇ ਗੁੱਡੀ ਵੱਲ ਕਿਉਂ ਜਾਣਾ ਹੈ ? **(1 mark)**

**Response:**

- **ਉਸਦੀ ਸੱਸ ਦਾ ਹਾਲ ਚਾਲ ਪੁੱਛਣ ਲਈ ਜਾਣਾ ਹੈ ਕਿਉਂਕਿ ਉਹ ਬਿਮਾਰ ਹੈ ।**
- **ਗੁੱਡੀ ਦੀ ਸੱਸ ਬਿਮਾਰ ਹੈ । ਸ਼ਾਨ ਨੇ ਉਸਦਾ ਹਾਲ ਪੁੱਛਣ ਜਾਣਾ ਹੈ ।**

5. a) ਸ਼ਾਨ ਗੁੱਡੀ ਵੱਲ ਕਦੋਂ ਜਾਵੇਗਾ ? **(1 mark)**

**Response:**

- **ਸ਼ਾਨ ਪੰਮੀ ਨਾਲ ਗੱਲ ਕਰਨ ਤੋਂ ਬਾਅਦ ਅਗਲੇ ਦਿਨ ਸਵੇਰੇ ਗੁੱਡੀ ਵੱਲ ਜਾਵੇਗਾ ।**

b) ਸ਼ਾਨ ਗੁੱਡੀ ਵੱਲ ਉਸੇ ਦਿਨ ਹੀ ਕਿਉਂ ਨਹੀਂ ਜਾ ਸਕਦਾ ? **(1 mark)**

**Response:**

- **ਕਿਉਂਕਿ ਉਸਨੇ ਬਿੱਟੂ ਦੀ ਪੇਰੈਂਟ ਟੀਚਰ ਮੀਟਿੰਗ ਤੇ ਜਾਣਾ ਹੈ ।**

6. ਬਿੱਟੂ ਦੀ ਪੇਰੈਂਟ ਟੀਚਰ ਮੀਟਿੰਗ ਤੇ ਕੌਣ ਕੌਣ ਜਾ ਰਿਹਾ ਹੈ ? **(1 mark)**

**Response:**

- **ਬਿੱਟੂ ਦੀ ਪੇਰੈਂਟ ਟੀਚਰ ਮੀਟਿੰਗ ਤੇ ਸ਼ਾਨ ਅਤੇ ਉਸਦੀ ਪਤਨੀ ਜਾ ਰਹੇ ਹਨ ।**

## PART C: INFORMATIONAL COMMUNICATION
## SECTION 5: NON-FICTION (JOURNALISTIC PROSE)

**INSTRUCTIONS:** Answer questions 7 to 9 in **Punjabi**. Your answers must be based on the article on page 12. Complete sentences are not required.

### ਨੌਜਵਾਨ ਵਿਦਿਆਰਥੀ ਆਟਵਾ ਨੂੰ

**ਡੰਕਨ ( ਬੀ. ਸੀ. )** ਇਸ ਸ਼ਹਿਰ ਦੇ ਕੌਵੀਚਾਨ ਸੈਕੰਡਰੀ ਸਕੂਲ ਦਾ ਬਾਰ੍ਹਵੀਂ ਕਲਾਸ ਦਾ ਵਿਦਿਆਰਥੀ ਰਮਣੀਕ ਸਿੰਘ ਪੱਡਾ ਇਥੋਂ ਬੀਤੇ ਵੀਰਵਾਰ ਕੈਨੇਡਾ ਦੀ ਰਾਜਧਾਨੀ (capital) ਆਟਵਾ ਨੂੰ ਰਵਾਨਾ ਹੋ ਗਿਆ। ਉਥੇ ਉਹ ਮਾਰਚ 15 ਤੋਂ ਮਾਰਚ 19 ਤੱਕ ਹੋਣ ਵਾਲੇ ਨੌਜਵਾਨ ਕੈਨੇਡੀਅਨ ਦੇ ਫੋਰਮ (forum) ਵਿੱਚ ਹਿੱਸਾ ਲਵੇਗਾ। ਇਸ ਫੋਰਮ ਲਈ ਬੀ. ਸੀ. ਦੇ 63 ਸਕੂਲਾਂ ਵਿਚੋਂ 78 ਵਿਦਿਆਰਥੀਆਂ ਨੇ ਅਪਲਾਈ ਕੀਤਾ ਸੀ। ਇਨ੍ਹਾਂ ਵਿਚੋਂ ਕੇਵਲ ਰਮਣੀਕ ਪੱਡਾ ਨੂੰ ਹੀ ਇਸ ਵਿੱਚ ਹਿੱਸਾ ਲੈਣ ਲਈ ਚੁਣਿਆ ਗਿਆ। ਨੌਜਵਾਨ ਪੱਡਾ ਦੀ ਚੋਣ ਸਕੂਲ ਅਤੇ ਕਮਿਉਨਿਟੀ ਲਈ ਬਹੁਤ ਮਾਣ ਵਾਲੀ ਗੱਲ ਹੈ।

ਰਮਣੀਕ ਸ: ਅਮਰੀਕ ਸਿੰਘ ਅਤੇ ਬੀਬੀ ਬੀਰ-ਇੰਦਰ ਕੌਰ ਪੱਡਾ ਦਾ ਪੁੱਤਰ ਹੈ। ਉਹ ਡੰਕਨ ਵਿੱਚ ਹੀ ਜੰਮਿਆ ਪਲਿਆ ਹੈ। ਇਸ ਵਿਦਿਆਰਥੀ ਦੀ ਫੋਰਮ ਵਿੱਚ ਹਿੱਸਾ ਲੈਣ ਲਈ ਸਿਫਾਰਸ਼ (recommendation) ਉਸ ਦੇ ਸਕੂਲ ਟੀਚਰਾਂ ਨੇ ਕੀਤੀ ਸੀ ਕਿਉਂਕਿ ਇਸ ਬੱਚੇ ਦੀਆਂ ਯੋਗਤਾਵਾਂ (qualifications) ਸਭ ਤੋਂ ਚੰਗੀਆਂ ਸਨ। ਰਮਣੀਕ ਸਿੰਘ ਆਪਣੇ ਸਕੂਲ ਦੇ ਵਿਦਿਆਰਥੀਆਂ ਦੀ ਕੌਂਸਲ ਦਾ ਮੈਂਬਰ ਹੈ। ਉਹ ਆਟਵਾ ਦੇ ਹਾਊਸ ਆਫ ਕਾਮਨਜ਼ ਵਿੱਚ ਇੱਕ ਹਫ਼ਤਾ ਰਹਿ ਕੇ ਹਾਊਸ ਦੀ ਪੂਰੀ ਕਾਰਵਾਈ ਨੂੰ ਦੇਖ ਸਕੇਗਾ। ਉਸ ਨੂੰ ਪ੍ਰਧਾਨ ਮੰਤਰੀ, ਸਪੀਕਰ, ਸੈਨੇਟਰਜ਼ ਅਤੇ ਹੋਰ ਮੰਤਰੀਆਂ ਨੂੰ ਮਿਲਣ ਅਤੇ ਸਵਾਲ ਪੁੱਛਣ ਦਾ ਮੌਕਾ ਮਿਲੇਗਾ। ਉਸਨੂੰ ਇਹ ਵੀ ਪਤਾ ਲੱਗੇਗਾ ਕਿ ਸਰਕਾਰ ਕਿਵੇਂ ਕੰਮ ਕਰਦੀ ਹੈ ਅਤੇ ਕਾਨੂੰਨ ਕਿਵੇਂ ਬਣਾਏ ਜਾਂਦੇ ਹਨ।

*Punjabi Tribune*, March 18-24, 1999

7. ਰਮਣੀਕ ਸਿੰਘ ਪੱਡਾ ਕਿਹੜੇ ਸਕੂਲ ਅਤੇ ਕਿਹੜੀ ਕਲਾਸ ਵਿੱਚ ਪੜ੍ਹਦਾ ਹੈ ? **(1 mark)**

**Response:**

- **ਉਹ ਕੌਵੀਚਾਨ ਸੈਕੰਡਰੀ ਸਕੂਲ ਦਾ ਬਾਰਵੀਂ ਕਲਾਸ ਦਾ ਵਿਦਿਆਰਥੀ ਹੈ ।**

8. ਰਮਣੀਕ ਸਿੰਘ ਦੀ ਸਿਫਾਰਸ਼ ਕਿਸ ਨੇ ਕੀਤੀ ਤੇ ਕਿਉਂ ? **(1 mark)**

**Response:**

**ਕਿਸ ਨੇ : ਉਸ ਦੇ ਸਕੂਲ ਟੀਚਰਾਂ ਨੇ ਉਸਦੀ ਸਿਫ਼ਾਰਸ਼ ਕੀਤੀ ਸੀ ।**
**ਕਿਉਂ : ਕਿਉਂਕਿ ਉਸ ਦੀਆਂ ਯੋਗਤਾਵਾਂ ਸਭ ਤੋਂ ਵਧੀਆ ਸਨ ।**

9. ਕੋਈ ਤਿੰਨ ਮੌਕੇ ਲਿਖੋ ਜਿਨ੍ਹਾਂ ਵਿੱਚ ਰਮਣੀਕ ਸਿੰਘ ਇਸ ਫ਼ੋਰਮ ਦੌਰਾਨ ਹਿੱਸਾ ਲਏਗਾ ? **(3 marks)**

**Response:**

- **ਉਹ ਹਾਊਸ ਆਫ ਕਾਮਨਜ਼ ਵਿੱਚ ਇੱਕ ਹਫ਼ਤਾ ਰਹਿ ਕੇ ਹਾਊਸ ਦੀ ਪੂਰੀ ਕਾਰਵਾਈ ਨੂੰ ਦੇਖਣ ਦੇ ਸਮਰਥ ਹੋਵੇਗਾ ।**
- **ਉਸ ਨੂੰ ਪ੍ਰਧਾਨ ਮੰਤਰੀ, ਸਪੀਕਰ, ਸੈਨੇਟਰਜ਼ ਅਤੇ ਹੋਰ ਮੰਤਰੀਆਂ ਨੂੰ ਮਿਲਣ ਅਤੇ ਸਵਾਲ ਪੁੱਛਣ ਦਾ ਮੌਕਾ ਮਿਲੇਗਾ ।**
- **ਉਹ ਦੇਖ ਸਕੇਗਾ ਕਿ ਸਰਕਾਰ ਕਿਵੇਂ ਕੰਮ ਕਰਦੀ ਹੈ ।**
- **ਕਾਨੂੰਨ ਕਿਵੇਂ ਬਣਾਏ ਜਾਂਦੇ ਹਨ ।**

**SECTION 6: NON-FICTION (AUTHENTIC DOCUMENT)**

| | |
|---|---|
| **INSTRUCTIONS:** | Answer questions 10 to 13 in **Punjabi**. Your answers must be based on the information on page 16. Complete sentences are not required. |



# ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

## ਸਰੀ ਤੇ ਡੈਲਟਾ ਨਿਵਾਸੀਆਂ ਲਈ ਖੁੱਲ੍ਹ ਗਿਆ

# ਰੇਨਬੋ ਪਾਰਟੀ ਰੈਂਟਲਜ਼

## 12345-99 ਐਵਿਨਿਯੂ ਸਰੀ, ਬੀ. ਸੀ.

ਇਥੋਂ ਅਖੰਡ-ਪਾਠ, ਜਨਮ ਦਿਨ, ਵਿਆਹ ਸ਼ਾਦੀਆਂ, ਸਪੈਸ਼ਲ ਪ੍ਰੋਗਰਾਮਾਂ ਅਤੇ ਪਾਰਟੀਆਂ ਵਾਸਤੇ ਸਭ ਤੋਂ ਘੱਟ ਰੇਟ ਤੇ ਲੈ ਸਕਦੇ ਹੋ:

- ਭਾਂਡੇ
- ਸਪੀਕਰ
- ਮੇਜ਼ ਕੁਰਸੀਆਂ
- ਵਿਆਹੁਤਾ ਜੋੜੇ ਲਈ ਕੁਰਸੀਆਂ
- ਸਜਾਵਟੀ (decorative) ਸਮਾਨ
- ਸੁਆਗਤੀ (welcoming) ਗੇਟ ਅਤੇ
- ਹਰ ਸਾਈਜ਼ ਦੇ ਟੈਂਟ (10©×10©) ਤੋਂ ਲੈ ਕੇ (20©× 40©) ਤੱਕ ਅਤੇ

ਹੋਰ ਬਹੁਤ ਸਾਰਾ ਸਮਾਨ ਜਿਵੇਂ ਟੇਬਲ ਕਲਾਥ, ਵਿਆਹ ਵਾਲੇ ਹਾਰ, ਫੁੱਲ, ਲਾਈਟਾਂ, ਚੁਲ੍ਹੇ, ਆਰਟੀਫੀਸ਼ਲ ਜਿਊਲਰੀ ਆਦਿ

## 500 ਬੰਦਿਆਂ ਤੱਕ ਦੀ ਪਾਰਟੀ ਦਾ ਪੂਰਾ ਪੂਰਾ ਪ੍ਰਬੰਧ

ਅਸੀਂ ਹਰ ਸਾਲ ਆਪਣੇ ਮੁਨਾਫੇ (profit) ਦਾ 10% ਬੱਚਿਆਂ ਦੇ ਹਸਪਤਾਲ ਨੂੰ ਦਿੰਦੇ ਹਾਂ ।

ਟੈਂਟ ਦੀ ਸੈੱਟ-ਅਪ ਅਤੇ ਸਮਾਨ ਦੀ ਡਲਿਵਰੀ ਮੁਫ਼ਤ

ਵਾਜਬ (reasonable) ਰੇਟ

ਹੋਰ ਜਾਣਕਾਰੀ ਲਈ ਜੇਸਨ ਮਾਨ ਨੂੰ ਫੋਨ ਕਰੋ: **1-604-555-2222**

10. ਰੇਨਬੋ ਪਾਰਟੀ ਰੈਂਟਲਜ਼ ਤੋਂ ਟੈਂਟ ਕਿਰਾਏ ਤੇ ਲੈਣ ਦੇ ਕੀ ਦੋ ਫਾਇਦੇ ਹਨ ? **(1 mark)**

**Response:**

- **ਫਰੀ ਸੈੱਟ-ਅਪ ਕਰ ਦਿੰਦੇ ਹਨ ।**
- **ਫਰੀ ਡਲਿਵਰੀ ਵੀ ਕਰਦੇ ਹਨ ।**

11. ਤੁਸੀਂ ਆਪਣੇ ਦੋਸਤ ਜਾਂ ਸਹੇਲੀ ਦੀ ਜਨਮ ਦਿਨ ਦੀ ਪਾਰਟੀ ਦਾ ਇੰਤਜ਼ਾਮ ਕਰਨ ਲਈ ਰੇਨਬੋ ਪਾਰਟੀ ਰੈਂਟਲਜ਼ ਤੋਂ ਕੀ ਕੀ ਲੈ ਸਕਦੇ ਹੋ ? ਕੋਈ ਦੋ ਚੀਜ਼ਾਂ ਦੇ ਨਾਮ ਲਿਖੋ । **(2 marks)**

**Response:**

- **ਫੁੱਲ**
- **ਸਜਾਵਟੀ ਸਮਾਨ**

(other answers may be possible)

12. ਰੇਨਬੋ ਪਾਰਟੀ ਰੈਂਟਲਜ਼ ਵਾਲੇ ਬੀਮਾਰ ਬੱਚਿਆਂ ਦੀ ਸਹਾਇਤਾ ਕਿਵੇਂ ਕਰਦੇ ਹਨ ? **(1 mark)**

**Response:**

- **ਬੱਚਿਆਂ ਦੇ ਹਸਪਤਾਲ ਨੂੰ ਆਪਣੇ ਮੁਨਾਫੇ ਦਾ 10% ਦਿੰਦੇ ਹਨ ।**

13. ਰੇਨਬੋ ਪਾਰਟੀ ਰੈਂਟਲਜ਼ ਬਾਰੇ ਹੋਰ ਜਾਣਕਾਰੀ ਲੈਣ ਲਈ ਕੀ ਕਰੋਗੇ ? **(1 mark)**

**Response:**

- **ਜੇਸਨ ਮਾਨ ਨਾਲ 1-604-599-2222 ਤੇ ਸੰਪਰਕ ਕਰਾਂਗੇ ।**

## PART D: INTERPERSONAL COMMUNICATION – WRITTEN EXPRESSION
## SECTION 7: STORY COMPLETION

**Value: 10 marks** **Suggested Time: 10 minutes**

| | |
|---|---|
| **INSTRUCTIONS:** | Using approximately 60 words, complete the following story in **Punjabi**. Avoid repetition and lists. Marks will be awarded for content and for grammatical correctness. |

14. ਮੈਂ ਪੂਰੇ ਅੱਠ ਵਜੇ ਘਰੋਂ ਨਿਕਲੀ / ਨਿਕਲਿਆ । ਅਜੇ ਦਸ ਕੁ ਕਦਮ ਹੀ ਗਈ / ਗਿਆ ਹੋਵਾਂਗੀ / ਹੋਵਾਂਗਾ ਕਿ ਕਿਸੇ ਨੇ ਮੈਂਨੂੰ ਆਵਾਜ਼ ਮਾਰੀ । ਮੈਂ ਪਿੱਛੇ ਮੁੜ ਕੇ ਦੇਖਿਆ ਤਾਂ . . . **(10 marks)**

**OPEN ENDED—Marked Holistically**

**For Example:**

**ਮੇਰੀ ਸਹੇਲੀ ਸੁਮੀਤਾ ਦੌੜੀ ਆ ਰਹੀ ਸੀ । ਮੈਂ ਪੁਛਿਆ ਕਿ ਕੀ ਗੱਲ ਹੈ ਤਾਂ ਕਹਿਣ ਲੱਗੀ, "ਮੈਂ ਅੱਜ ਸਕੂਲ ਨਹੀਂ ਜਾ ਸਕਦੀ । ਕ੍ਰਿਪਾ ਕਰਕੇ ਜੇ ਹੋ ਸਕੇ ਤਾਂ ਮੇਰੀ ਇਹ ਫਾਇਲ ਸ਼੍ਰੀ ਮਤੀ ਗਿੱਲ ਨੂੰ ਦੇ ਦੇਣਾ ।" ਮੈਂ ਕਿਹਾ ਕਿ ਮੈਂ ਤੇਰੀ ਫਾਇਲ਼ ਤਾਂ ਦੇ ਦੇਵਾਂਗੀ ਪਰ ਮੇਰੀਆਂ ਲੰਚ ਟਾਇਮ ਤੱਕ ਕਲਾਸਾਂ ਲੱਗੀਆਂ ਹੋਈਆਂ ਨੇ । ਉਹ ਕਹਿਣ ਲੱਗੀ ਕਿ ਕੋਈ ਨਹੀਂ ਪਰ ਇਹ ਫਾਇਲ ਸਕੂਲ ਬੰਦ ਹੋਣ ਤੋਂ ਪਹਿਲਾਂ ਮੈਂ ਜ਼ਰੂਰ ਸ਼੍ਰੀ ਮਤੀ ਗਿੱਲ ਨੂੰ ਦੇ ਦੇਵਾਂ । ਫਿਰ ਉਹ ਮੇਰਾ ਧੰਨਵਾਦ ਕਰਕੇ ਵਾਪਿਸ ਚਲੀ ਗਈ ।**

## SECTION 8: LETTER

**Value: 10 marks** **Suggested Time: 10 minutes**

| | |
|---|---|
| **INSTRUCTIONS:** | Write a short letter in **Punjabi**, using approximately 60 words, on the topic given below. Avoid repetition and lists. Marks will be awarded for content and for grammatical correctness. |

15. Write a letter to your city's mayor about the condition and hazards of a vacant lot in your area that is full of dangerous objects. **(10 marks)**

**Note:** Letter should include appropriate salutation and closing phrases.
Students must avoid identifying themselves, their schools, or school districts.

**OPEN ENDED—Marked Holistically**

**For Example:**

ਕੁਲਦੀਪ ਗਿੱਲ
ਗੁਰਨਾਮ ਸਟਰੀਟ,
ਸਰੀ , ਬੀ. ਸੀ.

18 ਜੂਨ, 2000

ਮੇਅਰ ਸਾਹਿਬ,
4373 ਸਿਟੀ ਸੈਂਟਰ,
ਜੋਹਨਜ਼ਵਿਲ ਸਟਰੀਟ,
ਸਰੀ, ਬੀ. ਸੀ.

ਸ੍ਰੀ ਮਾਨ ਗਿੱਲ ਸਾਹਿਬ ਜੀ,

ਵਿਸ਼ਾ: ਖਾਲੀ ਲਾਟ ਦੀ ਸਫ਼ਾਈ

ਬੇਨਤੀ ਇਹ ਹੈ ਕਿ ਸਾਡੇ ਇਲਾਕੇ ਵਿੱਚ ਇੱਕ ਖਾਲੀ ਲਾਟ ਪਈ ਹੈ ਜਿਸ ਵਿੱਚ ਟੁੱਟੇ ਸ਼ੀਸ਼ੇ, ਕੰਡਿਆਲੀਆਂ ਤਾਰਾਂ ਅਤੇ ਹੋਰ ਬਹੁਤ ਸਾਰਾ ਕੂੜਾ ਕਰਕਟ ਪਿਆ ਹੈ । ਸਾਰੇ ਇਲਾਕੇ ਦੇ ਬੱਚੇ ਉਥੇ ਖੇਡਦੇ ਹਨ ਇਸ ਲਈ ਇਹ ਬਹੁਤ ਖ਼ਤਰਨਾਕ ਗੱਲ ਹੈ । ਸੋ ਸਾਡੇ ਸਾਰੇ ਇਲਾਕਾ ਨਿਵਾਸੀਆਂ ਵਲੋਂ ਬੇਨਤੀ ਹੈ ਕਿ ਕ੍ਰਿਪਾ ਕਰਕੇ ਇਹ ਲਾਟ ਜਲਦੀ ਤੋਂ ਜਲਦੀ ਸਾਫ਼ ਕਰਵਾਈ ਜਾਵੇ ।

ਧੰਨਵਾਦ ਸਹਿਤ,

ਕੁਲਦੀਪ ਗਿੱਲ

## SECTION 9: MAP DIRECTIONS

**Value: 10 marks** **Suggested Time: 10 minutes**

**INSTRUCTIONS:** In complete **Punjabi** sentences, using approximately 60 words, respond to the topic given below. Avoid repetition and lists. Marks will be awarded for content and for grammatical correctness.

16. On Sunday, Pritam and I left his home and went to the zoo ( ਚਿੜੀਆ ਘਰ ). Afterwards, we went to the Gurudwara and then stopped at the post office to pick up some mail. I dropped him off at the airport for his flight to India. Describe the route we took that day and name the landmarks we passed. **(10 marks)**




**OPEN ENDED—Marked Holistically**

**For Example:**

- ਪ੍ਰੀਤਮ ਦੇ ਘਰ ਤੋਂ ਰਾਮਾਨੰਦ ਬਾਗ ਰੋਡ ਤੇ ਪੈ ਕੇ ਪਰਤਾਪ ਸਿੰਘ ਕੈਰੋਂ ਐਵੀਨਿਯੂ ਤੇ ਪੱਛਮ ਵੱਲ ਮੁੜ ਗਏ। ਇਥੋਂ ਗਲੀ ਨੰ: 3 ਤੇ ਦੱਖਣ ਵੱਲ ਮੁੜ ਕੇ ਚਿੜੀਆ ਘਰ ਗਏ ।
- ਉਥੋਂ ਗਲੀ ਨੰ: 3 ਤੋਂ ਪਰਤਾਪ ਸਿੰਘ ਕੈਰੋਂ ਐਵੀਨਿਯੂ ਤੇ ਪੱਛਮ ਵੱਲ ਮੁੜ ਕੇ ਗਲੀ ਨੰ: 1 ਤੇ ਦੱਖਣ ਵੱਲ ਮੁੜ ਕੇ ਗੁਰਦੁਆਰਾ ਸਾਹਿਬ ਗਏ ।
- ਗਲੀ ਨੰ: 1 ਤੇ ਪਰਤਾਪ ਸਿੰਘ ਕੈਰੋਂ ਐਵੀਨਿਯੂ ਪਾਰ ਕਰਕੇ ਖੱਬੇ ਹੱਥ ਡਾਕਘਰ ਪਹੁੰਚੇ । ਇਥੋਂ ਵਾਪਸ ਗਲੀ ਨੰ: 1 ਤੇ ਉੱਤਰ ਵੱਲ ਜਾ ਕੇ ਸੂਰਤ ਸਿੰਘ ਐਵੀਨਿਯੂ ਤੇ ਖੱਬੇ ਹੱਥ ਮੁੜ ਕੇ ਹਵਾਈ ਅੱਡੇ ਗਏ ।
- ਉਥੋਂ ਸੂਰਤ ਸਿੰਘ ਐਵੀਨਿਯੂ ਤੇ ਪੂਰਬ ਵੱਲ ਪੈ ਕੇ ਵਾਪਸ ਘਰ ਮੁੜ ਆਏ ।

**PUNJABI 12 HOLISTIC SCORING GUIDE**
**Story Completion / Letter / Map Directions**

### Scalepoint 5

The writer makes a statement on topic and develops it with clarity, ease, and depth. There is often evidence of a sophisticated level of thinking, originality, and flair. The development is cohesive and complete. The sentence structure is controlled and varied. The vocabulary is generally rich. The writer shows a mastery of Punjabi diction. Minor errors in spelling and grammar do not detract from the effectiveness of the writing.

### Scalepoint 4

The writer develops the topic and expresses ideas clearly and logically. He or she usually goes beyond simple description. Sentence structure is correct, but generally conventional. The writer uses appropriate Punjabi expressions, but rarely goes beyond high frequency vocabulary. Use of tenses is generally correct, but frequently limited in scope. Minor errors in spelling and grammar do not impede comprehension.

### Scalepoint 3

The writer communicates in a generally straightforward manner. Ideas are related, but they may not always be sequentially organized. The general impression of the writing is somewhat uninspired and often variable in quality. Idiomatic Punjabi and vocabulary are presented at a predominantly basic level. Despite a number of errors in spelling and grammar, the message is easily understood.

### Scalepoint 2

Development may be deficient or simplistic and does not go beyond stating the obvious. Ideas are not necessarily sequential, resulting in choppy reading which often requires the reader to fill in details. The writer uses basic vocabulary and occasionally resorts to direct translation from English. In general, verb tenses are incorrectly and randomly used. Although the writing may contain many grammatical errors, the message is still understood.

### Scalepoint 1

Ideas may or may not be related and do not follow a logical progression. Development is frequently insufficient, and the writing lacks clarity. Vocabulary used is inappropriate or misspelled, leading to confusion. The writing is often characterized by reliance on direct translation from English and the use of English words. Verb tenses are incorrectly formed and used. The large number of grammatical errors impedes comprehension.

### Scalepoint 0

Some text has been produced, but the effort is characterized by one or more of the following problems:

a) too deficient in length to evaluate
b) errors make the paper unintelligible
c) no discernible grasp of Punjabi expressions

**END OF KEY**